بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 01.04.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਅਸੀਂ ਅਹਮਦੀ ਨਿਸ਼ਚੇ ਹੀ ਖ਼ੁਸ਼ਕਿਸਮਤ ਹਨ ਜਿੰਨ੍ਹਾ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਕੀਤੀ ਅਤੇ ਉਹਨਾਂ ਲੋਕਾਂ ਵਿੱਚ ਸ਼ਾਮਲ ਹੋਏ ਜੋ ਰੱਬ ਦੇ ਆਦੇਸ਼ਾਂ ਉਪੱਰ ਅਮਲ ਕਰਨ ਵਾਲੇ ਹਨ । ਇਸ ਗੱਲ'ਤੇ ਅਸੀਂ ਰੱਬ ਦਾ ਜਿੰਨ੍ਹਾ ਵੀ ਸੁਕਰਾਨਾ ਕਰੀਏ ਉਹ ਘੱਟ ਹੈ ਕਿ ਉਸ ਨੇ ਸਾਡਾ ਸੁਮਾਰਗ ਵੱਲ ਮਾਰਗਦਰਸ਼ਨ ਕੀਤਾ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 01 ਅਪ੍ਰੈਲ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਦਿਨੀ ਜੁੱਮਏ ਦੇ ਖ਼ੁਤਬੇ ਵਿੱਚ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇਕ ਕਥਨ ਪੜ੍ਹਿਆ ਸੀ ਜਿਸ ਵਿੱਚ ਆਪ ਨੇ ਫ਼ਰਮਾਇਆ ਸੀ ਕਿ ਤੁਸੀ ਲੋਕ ਜੋ ਮੇਰੇ ਜੁੱਗ ਵਿੱਚ ਪੈਦਾ ਹੋਏ ਹੋ ਖ਼ੁਸ਼ ਹੋਵੋ ਤੇ ਖ਼ੁਸ਼ੀ ਨਾਲ ਉਛੱਲੋ ਕਿ ਰੱਬ ਨੇ ਤੁਹਾਨੂੰ ਇਸ ਜੁੱਗ ਵਿੱਚ ਪੈਦਾ ਕਰਕੇ ਉਹਨਾ ਖ਼ੁਸ਼ਕਿਸਮਤ ਲੋਕਾਂ ਵਿੱਚ ਸ਼ਾਮਲ ਕਰ ਦਿਤੱਾ ਜਿੰਨ੍ਹਾ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਜੁੱਗ ਦੇਖਣ ਨੂੰ ਮਿਲਿਆ ਜਿਸ ਦੀ ਉਡੀਕ ਕਰਦਿਆਂ ਕਰਦਿਆਂ ਕਿੰਨ੍ਹੀਆਂ ਹੀ ਕੌਮਾਂ ਇਸ ਦੁਨੀਆਂ ਵਿੱਚੋਂ ਲੰਘ ਗਈਆਂ । ਭਰਵ ਇਹੋ ਸੀ ਕਿ ਜਿਸ ਨੂੰ ਹੁਣ ਮੈਂ ਆਪਣੇ ਸ਼ਬਦਾ ਵਿੱਚ ਵਰਨਣ ਕੀਤਾ ਹੈ । ਅਸੀਂ ਅਹਮਦੀ ਨਿਸ਼ਚੇ ਹੀ ਉਹਨਾਂ ਖ਼ੁਸ਼ਕਿਸਮਤਾਂ ਵਿੱਚੋਂ ਹਨ ਜਿੰਨ੍ਹਾ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਕੀਤੀ ਅਤੇ ਉਹਨਾਂ ਲੋਕਾਂ ਵਿੱਚ ਸ਼ਾਮਲ ਹੋਏ ਜੋ ਰੱਬ ਦੇ ਆਦੇਸ਼ਾਂ ਉਪੱਰ ਅਮਲ ਕਰਨ ਵਾਲੇ ਹਨ । ਉਹਨਾਂ ਬਦਕਿਸਮਤਾਂ ਵਿੱਚੋਂ ਨਹੀਂ ਹਨ ਜਿੰਨ੍ਹਾ ਨੂੰ ਮਸੀਹ ਮੌਊਦ ਸਮਾਂ ਮਿਲਣ ਦੇ ਬਾਦ ਵੀ ਬੈਅਤ ਕਰਨ ਦਾ ਸੰਜੋਗ ਨਹੀਂ ਮਿਲਿਆ ਕਿਉਂਕਿ ਕੁਝ ਅਜਿਹੇ ਬਦਕਿਸਮਤ ਵੀ ਹਨ ਜੋ ਵਿਰੋਧਤਾ ਵਿੱਚ ਵਧੇ ਹੋਏ ਹਨ ਅਤੇ ਇਉ ਰੱਬ ਦੇ ਫ਼ਰਸਤਾਦੇ (ਰੱਬ ਦੇ ਭੇਜੇ ਹੋਏ ਸੁਧਾਰਕ) ਦੇ ਮਾਰਗ ਦਰਸ਼ਨਾਂ ਤੋਂ ਵਾਂਝੇ ਹੋਕੇ ਭਟੱਕੇ ਹੋਏ ਤੇ ਖਿੰਡੇ ਪੁੰਡੇ ਹੋਏ ਹਨ ।

ਸੋ, ਇਸ ਗੱਲ'ਤੇ ਅਸੀਂ ਰੱਬ ਦਾ ਜਿੰਨ੍ਹ ਵੀ ਸ਼ੁਕਰਾਨਾ ਕਰੀਏ ਉਹ ਘੱਟ ਹੈ ਕਿ ਉਸ ਨੇ ਸਾਡਾ ਸੁਮਾਰਗ ਵੱਲ ਮਾਰਗ ਦਰਸ਼ਨ ਕੀਤਾ ਅਤੇ ਸਾਨੂੰ ਜੀਵਨ ਦੇ ਵੱਖ ਵੱਖ ਮੌਕਿਆਂ ਉਪੱਰ ਉਠੱਣ ਵਾਲੇ ਪ੍ਰਸ਼ਨਾ ਤੇ ਸਮੱਸਿਆਵਾਂ ਦੇ ਹਲ ਲਈ ਵੀ ਸਹੀ ਇਸਲਾਮ ਦੀ ਸਿੱਖਿਆ ਆਪਣੇ ਭੇਜੇ ਹੋਏ ਇਮਾਮ ਰਾਹੀਂ ਦੱਸੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪਣੀਆਂ ਲੇਖਣੀਆਂ, ਭਾਸ਼ਣਾ ਤੇ ਸਭਾਵਾਂ ਵਿੱਚ ਵੀ ਕੁਝ ਗਲੱਾਂ ਉਧਾਰਣਾ ਰਾਹੀਂ ਵਰਨਣ ਕਰਦੇ ਸਨ ਜੋ ਆਪ ਜੀ ਦੇ ਸਹਾਬਾ ਦੀਆ ਰਿਵਾਇਤਾਂ ਤੋਂ ਸਾਨੂੰ ਮਿਲਦੀਆਂ ਹਨ ਪਰ ਸਭ ਤੋਂ ਅਧਿਕ ਉਪਕਾਰ ਸਾਡੇ ਉਪੱਰ ਇਸ ਸਿਲਸਿਲੇ ਵਿੱਚ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦਾ ਹੈ ਜਿੰਨ੍ਹਾ ਨੇ ਆਪਣੇ ਖ਼ੁਤਬਿਆਂ ਤੇ ਸੰਬੋਧਨਾਂ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਵਰਨਣ ਕੀਤੀਆਂ ਗੱਲਾਂ ਵਰਨਣ ਕੀਤੀਆਂ ਹਨ ਜੋ ਆਮ ਕਰਕੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ

ਆਪ ਦੇਖੀਆਂ ਜਾਂ ਸੁਣੀਆਂ ਜਾਂ ਨੇੜਲੇ ਸਹਾਬਾਂ ਕਰਾਮ ਨੇ ਆਪ ਜੀ ਨੂੰ ਦੱਸੀਆਂ । ਇਉਂ ਉਧਾਰਣਾ ਨਾਲ ਗੱਲ ਨੂੰ ਸਮਝਣਾ ਸੌਖਾ ਹੋ ਜਾਂਦਾ ਹੈ । ਇਕ ਖ਼ੁਤਬੇ ਵਿੱਚ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਫ਼ਰਮਾਇਆ ਕਿ ਹੜਤਾਲਾਂ ਜਾਂ ਸਟਰਾਇਕਸ ਉਚਿਤ ਹਨ ਜਾਂ ਨਹੀਂ । ਇਸ ਬਾਰੇ ਉਸੂਲੀ ਤੌਰ'ਤੇ ਇਹ ਦੇਖਣਾ ਵੀ ਜ਼ਰੂਰੀ ਹੈ ਕਿ ਹੜਤਾਲਾਂ ਕਿਉਂ ਹੁੰਦੀਆਂ ਹਨ ਅਤੇ ਇਸ ਦਾ ਮੁਢੱਲਾ ਸਬਬ ਕੀ ਹੈ । ਉਹ ਇਹ ਹੈ ਕਿ ਹੱਕਾਂ ਦੀ ਅਦਾਇਗੀ ਪੂਰਨਤਾ ਨਹੀਂ ਹੁੰਦੀ । ਇਸਲਾਮ ਦੀ ਸਿੱਖਿਆ ਇਹ ਹੈ ਕਿ ਤੁਸੀਂ ਇਕ ਦੂਜੇ ਲਈ ਗ਼ੈਰ (ਓਪਰੇ) ਨ ਬਣੋ ਸਗੋਂ ਆਪੋ ਵਿੱਚ ਭਾਈ ਭਾਈ ਸਮਝ ਕੇ ਆਪਣੇ ਆਪਣੇ ਹੱਕ ਪੂਰੇ ਕਰਨ ਦਾ ਜਤਨ ਕਰੋ । ਫਿਰ ਵਿਵਸਥਾ ਜੋ ਹੈ ਭਾਵੇਂ ਸੰਸਾਰਕ ਵਿਵਸਥਾ ਹੋਵੇ ਕਦੇ ਖ਼ਰਾਬ ਨਹੀਂ ਹੁੰਦੀ । ਇਹ ਸਾਰ ਹੈ ਇਸਲਾਮੀ ਸਿੱਖਿਆ ਅਤੇ ਇਸਲਾਮੀ ਭਾਈਚਾਰੇ ਦਾ ਅਤੇ ਜਿੱਥੇ ਇਸਲਾਮੀ ਸਿੱਖਿਆ ਦਾ ਅਤੇ ਜਿੱਥੇ ਹੱਕ ਲੈਣ ਦਾ ਪ੍ਰਸ਼ਨ ਹੈ ਜਾਇਜ਼ ਕਨੂਨੀ ਸਾਧਨ ਵਰਤਨੇ ਚਾਹੀਦੇ ਹਨ । ਬਹਿਰਹਾਲ ਇਸ ਸਿਲਸਿਲੇ (ਜਮਾਤ) ਵਿੱਚ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹ ਅਨਹੁ ਫਰਮਾਉਂਦੇ ਹਨ ਕਿ ਇਸਲਾਮੀ ਇਮਾਰਤ ਜੋ ਸੱਭਿਆਚਾਰ ਬਾਰੇ ਹੈ ਇਸ ਦੀ ਨੀਂਹ ਇੰਸਾਫ਼ (ਨਿਆਏ) ਅਤੇ ਪ੍ਰੇਮ ਉਪੱਰ ਹੈ ਇਸ ਲਈ ਹਕੱਾਂ ਦੀ ਪ੍ਰਾਪਤੀ ਲਈ ਵੀ ਉਹੋ ਢੰਗ ਅਪਨਾਉਣਾ ਚਾਹੀਦਾ ਹੈ ਜੋ ਇੰਸਾਫ਼ ਤੇ ਪ੍ਰੇਮ ਉਪੱਰ ਅਧਾਰਤ ਹੋਵੇ । ਇਹੋ ਕਾਰਣ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਜੱਦ ਕਦੇ ਸਟਰਾਇਕ ਹੁੰਦੀ ਅਤੇ ਕੋਈ ਅਹਮਦੀ ਇਸ ਵਿੱਚ ਭਾਗ ਲੈਂਦਾ ਤਾਂ ਹਜ਼ਤਰ ਮਸੀਹ ਮੌਊਦ ਅਲੈਹਿ ਸਲਾਮ ਉਸਨੂੰ ਕਰੜਾ ਦੰਡ ਦਿੰਦੇ ਅਤੇ ਉਸ'ਤੇ ਆਪਣੀ ਨਰਾਜ਼ਗੀ ਪ੍ਰਕਟ ਕਰਦੇ । ਅੱਜ ਕੱਲ ਇਸਲਾਮੀ ਦੇਸ਼ਾਂ ਵਿੱਚ ਜੋ ਹੜਤਾਲਾਂ ਅਤੇ ਬਗ਼ਾਵਤਾਂ ਹੁੰਦੀਆਂ ਹਨ ਇਕ ਦੂਜੇ ਦੇ ਹੱਕ ਪੂਰੇ ਨ ਕਰਨ ਕਰਕੇ ਪੈਦਾ ਹੁੰਦੇ ਹਨ । ਰੱਬ ਮੁਸਲਮਾਨ ਦੇਸ਼ਾਂ ਨੂੰ ਵਿਸ਼ੇਸ਼ ਕਰਕੇ ਪਾਕਿਸਤਾਨ ਨੂੰ ਇਹਨਾਂ ਦੀਆਂ ਸਰਕਾਰਾਂ ਨੂੰ ਇਹ ਅਕਲ ਦੇਵੇ ਕਿ ਇਹ ਲੋਕ ਆਪਣੀ ਪ੍ਰਜਾ ਦੇ ਹੱਕ ਪੂਰੇ ਕਰਨ ਵਾਲੇ ਹੋਣ । ਇਸੇ ਪ੍ਰਕਾਰ ਹਰ ਅਹਮਦੀ ਨੂੰ ਵੀ ਦੁਆ ਦੇ ਨਾਲ ਨਾਲ ਜੇਕਰ ਕਿਤੇ ਜ਼ਬਰਦਸਤੀ ਸ਼ਾਮਲ ਕਰਨ ਲਈ ਜਤਨ ਵੀ ਕੀਤੇ ਜਾਂਦੇ ਹਨ ਤਾਂ ਮਜਬੂਰੀ ਵਿੱਚ, ਅਜਿਹੀ ਕੋਈ ਹਰਕਤ ਨ ਕਰੇ ਜੋ ਸੰਪਤੀ ਨੂੰ ਹਾਨੀ ਪਹੁੰਚਾਉਣ ਵਾਲੀ ਹੋਵੇ, ਸਰਕਾਰੀ ਧੰਨ ਮਾਲ ਨੂੰ ਹਾਨੀ ਪਹੁੰਚਾਉਣ ਵਾਲੀ ਹੋਵੇ ।

ਹਰ ਇਨਸਾਨ ਜੋ ਕਿਸੇ ਵੀ ਕੰਮ ਨਾਲ ਸਲੰਗਤ ਹੈ ਉਹ ਆਪਣੇ ਕੰਮ ਵਿੱਚ ਦਿਲਚਸਪੀ ਰਖੱਦਾ ਹੈ ਤਾਂ ਆਪਣੀਆਂ ਸਾਰੀਆਂ ਯੋਗਤਾਵਾਂ ਨਾਲ ਉਸ ਨੂੰ ਪੂਰਾ ਕਰਨ ਦਾ ਜਤਨ ਕਰਦਾ ਹੈ ਇਹ ਇਕ ਮਹਤੱਵਪੂਰਨ ਉਸੂਲ ਹੈ । ਇਸ ਦੀ ਵਿਆਖਿਆ ਕਰਦਿਆਂ ਹੋਇਆਂ ਇਕ ਥਾਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਵਿਆਖਿਆ ਕੀਤੀ ਹੈ ਅਤੇ ਫਿਰ ਉਧਾਰਣ ਵੀ ਦਿੱਤੀ ਕਿ ਜੇਕਰ ਕੋਈ ਫ਼ੌਜੀ ਹੈ ਜਾਂ ਜਰਨੈਲ ਹੈ ਜਾਂ ਉਸਤਾਦ (ਗੁਰੂ) ਹੈ ਜਾਂ ਜੱਜ ਹੈ ਜਾਂ ਵਕੀਲ ਹੈ ਜਾਂ ਵਪਾਰੀ ਹੈ ਜਾਂ ਅਸੰਬਲੀ ਦਾ ਸੈਕ੍ਰੇਟਰੀ ਹੈ ਸਪੀਕਰ ਹੈ ਜਾਂ ਹੁਕੂਮਤ ਦਾ ਮੰਤਰੀ ਹੈ ਕੋਈ ਵੀ ਹੋਵੇ ਜੋ ਈਮਾਨਦਾਰੀ ਨਾਲ ਕੰਮ ਕਰਦਾ ਹੈ ਦਿਲ ਲਾ ਕੇ ਕੰਮ ਕਰਨ ਵਾਲਾ ਹੈ ਪੂਰਾ ਸਮਾਂ ਦੇਣ ਵਾਲਾ ਹੈ ਤਾਂ ਸ਼ਾਮ ਨੂੰ ਥੱਕ ਕੇ ਬੈਠਦਾ ਹੈ ਤਾਂ ਇਹੋ ਕਹਿੰਦਾ ਹੈ ਕਿ ਸਾਰੇ ਦਿਨ ਦੀ ਮਸਰੂਫ਼ੀਯਤ ਤੇ ਭਾਰ ਨੇ ਲੱਕ ਭੰਨ ਦਿਤੱਾ ਪਰ ਜੱਦ ਅਸੀਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੂੰ ਦੇਖਦੇ ਹਾਂ ਤਾਂ ਸਾਡੇ ਲਈ ਜੋ ਢੰਗ ਪੇਸ਼ ਕੀਤਾ ਉਹ ਆਪ ਸਲਲੱਾਹੁ ਅਲੈਹਿ ਵਸਲਅਮ ਦਾ ਢੰਗ ਇਹ ਹੈ ਕਿ ਇਹ ਸਾਰੇ ਕੰਮ ਜੋ ਦੁਨੀਆ ਦੇ ਵੱਖ ਵੱਖ ਕਿੱਤਿਆ ਨਾਲ ਸੰਬੰਧ ਰਖੱਣ ਵਾਲੇ ਦੁਨੀਆ ਦੇ ਲੋਕ ਕਰਦੇ ਹਨ ਉਹ ਆਪ ਸਲਲੱਾਹੁ ਅਲੈਹਿ ਵਸਲਅਮ ਉਹ ਸਾਰੇ ਕੰਮ ਉਹਨਾਂ ਤੋਂ ਵੱਧਕੇ ਕਰਦਿਆਂ ਹੋਇਆਂ ਦਿਖਾਈ ਦਿੰਦੇ ਹਨ । ਪਰ ਨਾਲ ਹੀ ਆਪ ਘਰ ਦੇ ਕੰਮ ਕਾਜ ਵੀ ਕਰ ਲੈਂਦੇ ਸਨ । ਪਤਨੀਆਂ ਦੀ ਮਦਦ ਵੀ ਕਰਦੇ ਸਨ ਅਤੇ ਐਨ੍ਹੇ ਧਿਆਨ ਨਾਲ ਕਰਦੇ ਸਨ ਕਿ ਹਰ ਪਤਨੀ ਇਹ ਸਮਝਦੀ ਸੀ ਕਿ ਸਭ ਤੋਂ ਵੱਧ ਮੈਂ ਹੀ ਆਪ ਦੇ ਧਿਆਨ ਹੇਠ ਹਾਂ । ਸੋ, ਅਸਰ ਦੀ ਨਮਾਜ ਦੇ ਬਾਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੀ ਇਹ ਦਿਨਚਰਿਆ ਸੀ ਕਿ ਆਪ ਸਾਰੀਆਂ ਪਤਨੀਆਂ ਦੇ ਘਰਾਂ ਵਿੱਚ ਇਕ ਚਕੱਰ ਲਾਉਂਦੇ ਅਤੇ ਉਹਨਾਂ ਦੀਆਂ ਲੋੜਾਂ ਪੁਛੱਦੇ । ਫਿਰ ਕਈ ਵਾਰ ਘਰੇਲੂ ਕੰਮਾ ਵਿੱਚ ਉਹਨਾਂ ਦੀ ਮਦਦ ਵੀ ਕਰਦੇ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਮੈਂਨੂੰ ਚੇਤੇ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕੰਮਾ ਦੀ ਇਹ ਹਾਲਤ ਹੁੰਦੀ ਸੀ ਕਿ ਅਸੀਂ

ਜੱਦ ਸੌਂਦੇ ਤਾਂ ਆਪ ਨੂੰ ਕੰਮ ਕਰਦਿਆਂ ਦੇਖਦੇ ਅਤੇ ਜੱਦ ਅੱਖ ਖੁਲੱਦੀ ਤੱਦ ਵੀ ਆਪ ਨੂੰ ਕੰਮ ਕਰਦਿਆਂ ਦੇਖਦੇ ਅਤੇ ਐਨ੍ਹੀ ਮਿਹਨਤ ਤੇ ਮੁਸ਼ਕੱਤ ਦੇ ਬਾਦ ਵੀ ਜੋ ਲੋਕ ਆਪ ਦੀਆਂ ਕਿਤਾਬਾਂ ਦੀ ਪਰੂਫ਼ਰੀਡਿੰਗ ਵਿੱਚ ਸ਼ਾਮਲ ਹੁੰਦੇ ਆਪ ਉਹਨਾਂ ਦੇ ਕੰਮਾ ਦੀ ਐਨ੍ਹੀ ਕਦਰ ਕਰਦੇ ਕਿ ਜੇਕਰ ਕੋਈ ਇਸ਼ਾ ਦੀ ਨਮਾਜ਼ ਦੇ ਬਾਦ ਵੀ ਕੋਈ ਅਵਾਜ਼ ਦਿੰਦਾ ਕਿ ਹਜ਼ੂਰ ਪਰੂਫ਼ ਲੈ ਆਇਆ ਹਾਂ ਤਾਂ ਆਪ ਚਾਰਪਾਈ ਤੋਂ ਉਠੱਕੇ ਦਰਵਾਜ਼ੇ ਤੱਕ ਜਾਂਦਿਆਂ ਹੋਇਆਂ ਰਸਤੇ ਵਿੱਚ  ਕਈ ਵਾਰ 'ਜਜ਼ਾਕ ਮੁਲੱਾਹ' ਕਹਿੰਦੇ ਆਪ ਨੂੰ ਬਹੁਤ ਕਸ਼ਟ ਹੋਇਆ, ਜਜ਼ਾਕਮੁਲੱਾਹ ਆਪ ਨੂੰ ਬਹੁਤ ਕਸ਼ਟ ਹੋਇਆ ਕਹਿੰਦੇ ਜੱਦ ਕਿ ਉਹ ਕੰਮ ਜੋ ਪਰੂਫ਼ ਰੀਡਿੰਗ ਕਰਨ ਵਾਲੇ ਜੋ ਕਰਦੇ ਸਨ ਉਸ ਦੇ ਟਾਕਰੇ'ਤੇ ਕੁਝ ਵੀ ਨਹੀਂ ਹੁੰਦਾ ਸੀ ਜੋ ਆਪ ਖ਼ੁੱਦ ਕੀਤਾ ਕਰਦੇ ਸਨ । ਭਾਵ ਐਨ੍ਹਾ ਕੰਮ ਕਰਨ ਦੀ ਆਦਤ ਅਸੀਂ ਹਜ਼ਰਤ ਮਸੀਹ ਮੌਊਦ ਅਲੈਅਹਿ ਸਲਾਮ ਵਿੱਚ ਦੇਖੀ ਹੈ ਕਿ ਇਸ ਦੇ ਸਬਬ ਸਾਨੂੰ ਹੈਰਾਨੀ ਹੁੰਦੀ ਸੀ ।

ਫਿਰ ਇਸਲਾਮ ਵਿੱਚ ਇਸਤਰੀਆਂ ਦਾ ਭਵਿੱਖ ਸੁਰੱਖਿਅਤ ਕਰਨ ਦੇ ਕਈ ਤਰੀਕੇ ਹਨ ਇਕ ਇਹ ਵੀ ਹੈ ਕਿ ਜੱਦ ਉਸ ਦਾ ਵਿਆਹ ਹੋਵੇ ਤਾਂ ਉਸ ਲਈ 'ਹੱਕਮਹਿਰ' ਰੱਖਿਆ ਗਿਆ ਹੈ ਉਹ ਉਸ ਨੂੰ ਦਿੱਤਾ ਜਾਣਾ ਚਾਹੀਦਾ ਹੈ । ਕਈ ਲੋਕ ਸਮਝਦੇ ਹਨ ਕਿ ਕੇਵਲ ਤਲਾਕ ਦੇਣ ਜਾਂ ਵੱਖ ਹੋਣ ਦੀ ਅਵਸਥਾ ਵਿੱਚ ਹੀ 'ਹੱਕਮਹਿਰ' ਦੇਣਾ ਹੈ । 'ਹੱਕਮਹਿਰ' ਦਾ ਉਦੇਸ਼ ਕੀ ਹੈ ? ਉਦੇਸ਼ ਇਹ ਹੈ ਕਿ ਇਹ ਉਹ ਰਕਮ ਹੈ ਜੋ ਇਸਤਰੀ ਦੇ ਕੋਲ ਹੋਣ ਚਾਹੀਦੀ ਹੈ ਤਾਂ ਜੋ ਕਈ ਵਾਰ ਉਸ ਨੂੰ ਕੋਈ ਵਿਸ਼ੇਸ਼ ਲੋੜ ਪੈ ਜਾਏ ਕੋਈ ਵਿਸ਼ੇਸ਼ ਖਰਚ ਉਸ'ਤੇ ਪੈ ਜਾਵੇ ਜਿਸ ਨੂੰ ਉਹ ਅਪਣੇ ਪਤੀ ਤੋਂ ਮੰਗਦਿਆਂ ਸੰਕੋਚ ਕਰੇ, ਸ਼ਰਮ ਮਹਿਸੂਸ ਕਰੇ ਤਾਂ ਉਸ ਵਿੱਚੋਂ ਖਰਚ ਕਰ ਸਕੇ ਜਾਂ ਕਈ ਵਾਰ ਅਜਿਹੀਆਂ ਲੋੜਾਂ ਪੈ ਜਾਂਦੀਆਂ ਹਨ ਜੋ ਮੌਕੇ'ਤੇ ਪਤੀ ਪੂਰਾ ਨਹੀਂ ਕਰ ਸਕਦਾ ਤਾਂ ਇਸਤਰੀ ਕੋਲ ਕੁਝ ਹੋਵੇ ਤਾਂ ਹੀ ਉਹ ਪੂਰਾ ਕਰ ਸਕਦੀ ਹੈ । ਜੇਕਰ ਹੱਕਮਹਿਰ ਦੇਣਾ ਹੀ ਨਹੀਂ ਤਾਂ ਫਿਰ ਇਹ ਦੋਵੇਂ ਅਵਸਥਾਵਾਂ ਜਾਂ ਹੋਰ ਵੀ ਅਨੇਕਾਂ ਹੀ ਅਵਸਥਾਵਾਂ ਹਨ ਉਹ ਪੂਰੀਆਂ ਨਹੀਂ ਹੋ ਸਕਦੀਆਂ । ਕਈ ਪਤੀ ਤਾਂ ਹੱਕਮਹਿਰ ਦੀ ਅਦਾਇਗੀ ਤਾਂ ਵੱਖ ਰਹੀ ਇਸਤਰੀਆਂ ਜੋ ਆਪਣੀ ਕਮਾਈ ਕਰ ਹੀਆਂ ਹੁੰਦੀਆਂ ਹਨ ਉਸ'ਤੇ ਵੀ ਪਬੰਦੀ ਲਾ ਦਿੰਦੇ ਹਨ ਕਿ ਤੁਸੀਂ ਸਾਨੂੰ ਪੁੱਛੇ ਬਿਨਾਂ ਖਰਚ ਨਹੀਂ ਕਰਨਾ ਜਾਂ ਸਾਰੀ ਆਮਦ ਸਾਨੂੰ ਦਿਓ ਜਾਂ ਇਹ ਸਾਰੀ ਅਮਦ ਜੋ ਹੈ ਇਸਦਾ ਐਨ੍ਹਾ ਹਿਸੱਾ ਸਾਡੇ ਕੋਲ ਆਉਣਾ ਚਾਹੀਦਾ ਹੈ ਜਾਂ ਸਾਡੇ ਬੈਂਕ ਅਕਾਉਂਟ ਵਿੱਚ ਆਉਣਾ ਚਾਹੀਦਾ ਹੈ ਜੋ ਪੂਰਨਤਾ ਨਜਾਇਜ਼ ਗੱਲ ਹੈ । ਕਈ ਲੋਕ ਆਪਣੀਆਂ ਬੇਟੀਆਂ ਦੇ ਹੱਕਮਹਿਰ ਆਪ ਲੈ ਲੈਂਦੇ ਹਨ ਇਹ ਨਜਾਇਜ਼ ਚੀਜ਼ ਹੈ ਅਤੇ ਇਹ ਨੌਕਰ ਵਪਾਰ ਹੈ ਜੋ ਕਿਸੇ ਵੀ ਪ੍ਰਕਾਰ ਠੀਕ ਨਹੀਂ । ਇਸੇ ਪ੍ਰਕਾਰ ਕਈ ਇਸਤਰੀਆਂ ਆਪਣੇ ਪਤੀ ਨੂੰ ਹੱਕਮਹਿਰ ਮਾਫ਼ ਵੀ ਕਰ ਦਿੰਦੀਆਂ ਹਨ ਪਰ ਇਸ ਬਾਰੇ ਵੀ ਕਈ ਸ਼ਰਤਾ ਹਨ ਕਿ ਉਹਨਾਂ ਦੇ ਹੱਥ ਵਿੱਚ ਰੱਖ ਕੇ ਫਿਰ ਪੁੱਛੋ । ਅਸਲ ਗੱਲ ਇਹੋ ਹੈ ਕਿ ਮਾਲ ਇਸਤਰੀ ਕੋਲ ਘੱਟੋ ਘੱਟ ਇਕ ਸਾਲ ਰਹਿਣਾ ਚਾਹੀਦਾ ਹੈ ਅਤੇ ਫਿਰ ਇਸ ਸਮੇਂ ਮਗਰੋ ਜੇਕਰ ਉਹ ਮੁਆਫ਼ ਕਰ ਦੇਵੇ ਤਾਂ ਠੀਕ ਹੈ । ਫਿਰ ਜ਼ਕਾਤ ਹੈ, ਜ਼ਕਾਤ ਵੀ ਫ਼ਰਜ਼ ਵਿੱਚ ਸ਼ਾਮਲ ਹੈ ਹਰ ਉਸ ਮਨੁੱਖ ਲਈ ਜ਼ਕਾਤ ਹੈ ਜੋ ਉਸ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ ਪਰ ਅਜਿਹੇ ਬਜ਼ੁਰਗ ਵੀ ਹਨ ਜੋ ਜਿੰਨ੍ਹੀ ਦੌਲਤ ਹੋਵੇ ਜੋ ਆਮਦ ਹੋਵੇ ਸਾਰੀ ਰੱਬ ਦੇ ਮਾਰਗ ਵਿੱਚ ਖ਼ਰਚ ਕਰ ਦਿੰਦੇ ਹਨ । ਅਜਿਹੇ ਹੀ ਇਕ ਬਜ਼ੁਰਗ ਦੀ ਗੱਲ ਹਜ਼ਰਤ ਮੁਸਲਿਹ ਮੌਊਦ ਵਰਨਣ ਕਰਦੇ ਹਨ ਕਿ ਇਸ ਵਿੱਚ ਕੋਈ ਸੰਦੇਹ ਨਹੀਂ ਕਿ ਦੁਨੀਆ ਵਿੱਚ ਅਜਿਹੇ ਲੋਕ ਵੀ ਹੁੰਦੇ ਹਨ ਜਿੰਨ੍ਹਾ ਨੂੰ ਰੱਬ ਨੇ ਲੋਕਾਂ ਲਈ ਨਮੂਨੇ ਦੇ ਤੌਰ'ਤੇ ਪੈਦਾ ਕੀਤਾ ਹੁੰਦਾ ਹੈ । ਹਜ਼ਰਤ ਮੁਸਲਿਹ ਮੌਊਦ ਕਹਿੰਦੇ ਹਨ ਕਿ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਸੁਣਿਆ ਹੈ ਕਿ ਕਿਸੇ ਨੇ ਇਕ ਬਜ਼ੁਰਗ ਤੋਂ ਪ੍ਰਸ਼ਨ ਕੀਤਾ ਕਿ ਕਿੰਨ੍ਹੇ ਰੁਪਏ ਉਪੱਰ ਜ਼ਕਾਤ ਹੈ, ਉਹਨਾਂ ਨੇ ਉਤੱਰ ਦਿੱਤਾ ਕਿ ਤੁਹਾਡੇ ਲਈ ਮਸਲਾ ਇਹ ਹੈ ਕਿ ਚਾਲ੍ਹੀ ਰੁਪਏ ਵਿੱਚੋਂ ਇਕ ਰੁਪਈਆ ਜ਼ਕਾਤ ਦਿਓ । ਉਸ ਨੇ ਕਿਹਾ ਕਿ ਆਪਨੇ ਜੋ ਵਾਕ ਬੋਲਿਆ ਹੈ ਤੁਹਾਡੇ ਲਈ ਇਸ ਦਾ ਕੀ ਅਰਥ ਹੈ, ਕੀ ਜ਼ਕਾਤ ਦਾ ਮਸਲਾ ਹਰ ਇਕ ਲਈ ਬਦਲਤਾ ਰਹਿੰਦਾ ਹੈ । ਉਹਨਾਂ ਨੇ ਕਿਹਾ, ਹਾਂ, ਤੁਹਾਡੇ ਕੋਲ ਚਾਲ੍ਹੀ ਰੁਪਏ ਹੋਣ ਤਾਂ ਉਹਨਾਂ ਵਿੱਚੋਂ ਇਕ ਰੁਪਈਆ ਜ਼ਕਾਤ ਦੇਣਾ ਤੁਹਾਡੇ ਲਈ ਜ਼ਰੂਰੀ ਹੈ ਪਰ ਜੇਕਰ ਮੇਰੇ ਕੋਲ ਚਾਲ੍ਹੀ ਰੁਪਏ ਹੋਣ ਤਾਂ ਮੇਰੇ'ਤੇ ਇਕਤਾਲ੍ਹੀ ਰੁਪਏ ਦੇਣਾ ਲਾਜ਼ਮੀ ਹਨ ਕਿਉਂਕਿ ਤੁਹਾਡਾ ਮੁਕਾਮ ਅਜਿਹਾ ਹੈ ਕਿ ਰੱਬ ਨੇ ਫ਼ਰਮਾਇਆ ਹੈ ਕਿ ਤੁਸੀਂ

ਕਮਾਓ ਤੇ ਖਾਓ ਪਰ ਮੈਂਨੂੰ ਉਹ ਮੁਕਾਮ ਦਿੱਤਾ ਹੈ ਕਿ ਮੇਰੇ ਖਰਚਿਆਂ ਦਾ ਉਹ ਆਪ ਕਫ਼ੀਲ (ਪ੍ਰਾਯੋਜਕ) ਹੈ । ਜੇਕਰ ਮੂਰਖਤਾ ਨਾਲ ਮੈਂ ਚਾਲ੍ਹੀ ਰੁਪਏ ਜਮਾ ਕਰ ਲਵਾਂ ਤਾਂ ਮੈਂ ਚਾਲ੍ਹੀ ਰੁਪਏ ਵੀ ਦਿਆਂਗਾ ਅਤੇ ਇਕ ਰੁਪਈਆ ਜੁਰਮਾਨਾ ਵੀ ਦਿਆਂਗਾ । ਤਾਂ ਇਹ ਹੈ ਬਜ਼ੁਰਗਾਂ ਦਾ ਹਾਲ । ਪਰ ਬਾਕੀ ਲੋਕ ਜੋ ਹਨ ਜੋ ਕੇਵਲ ਦੁਨੀਆ ਦੇ ਰਹਿਣ ਵਾਲੇ ਹਨ ਉਹ ਬੇਸ਼ਕ ਦੁਨੀਆ ਕਮਾਉਣ ਅਤੇ ਫਿਰ ਆਪਣੇ ਮਾਲ ਅਤੇ ਸਮੇਂ ਦਾ ਕੁਝ ਭਾਗ ਖਰਚ ਕਰਨ ਬੰਦਗੀ ਕਰਨ ਤੇ ਧਾਰਮਕ ਕੰਮਾ ਵਿੱਚ ਵੀ ਆਪਣਾ ਸਮਾਂ ਲਾਉਣ, ਇਸਤਗ਼ਫ਼ਾਰ (ਖਿਮਾ ਯਾਚਨਾ ) ਵੀ ਕਰਨ ਦੁਆਵਾਂ ਵੀ ਕਰਨ ਰੱਬ ਨੇ ਜੋ ਸਨਮਾਨ ਤੇ ਧੰਨ ਅਤੇ ਪ੍ਰਸਿੱਧੀ ਉਹਨਾਂ ਨੂੰ ਦਿੱਤੀ ਹੈ, ਇਹ ਉਪਕਾਰ ਵੱਜੋਂ ਰੱਬ ਵੱਲੋਂ ਹੈ । ਸੋ, ਇਸ ਉਪਕਾਰ ਦਾ ਸ਼ੁਕਰਾਨਾ ਇਹ ਹੈ ਕਿ ਇਸ ਵਿੱਚੋਂ ਦੂਜਿਆਂ ਦਾ ਵੀ ਖ਼ਿਆਲ ਰੱਖੋਂ । ਕਈ ਲੋਕਾਂ ਦੀ ਬੁੱਧੀ ਬਹੁਤੀ ਕਾਰੋਬਾਰੀ ਹੁੰਦੀ ਹੈ । ਜਾਂ ਨਕਲ ਵਿੱਚ ਹੀ ਅਜਿਹੀ ਹਰਕਤਾਂ ਕਰ ਜਾਂਦੇ ਹਨ ਜੋ ਜਮਾਤੀ ਰਿਵਾਇਤਾਂ ਦੇ ਵਿਰੁਧ ਹੁੰਦੀਆਂ ਹਨ ਜਾਂ ਇਸਲਾਮੀ ਸਿੱਖਿਆ ਅਨੁਸਾਰ ਨਹੀਂ ਹੁੰਦੀਆਂ ਅਜਿਹੇ ਲੋਕ ਅਹੁਦੇਦਾਰਾਂ ਵਿੱਚ ਵੀ ਪਾਏ ਜਾਂਦੇ ਹਨ ਕਈ ਵਾਰ ਮੁਕਾਮੀ ਅੰਜੁਮਨਾਂ ਵੀ ਅਜਿਹੇ ਫ਼ੈਸਲੇ ਕਰ ਲੈਂਦੀਆਂ ਹਨ । ਇਸ ਉਸੂਲੀ ਗੱਲ ਹੈ ਜੋ ਸਾਡੀ ਸਿੱਖਿਆ ਅਤੇ ਰਿਵਾਇਤਾਂ ਦੇ ਵਿਰੁਧ ਹੋਵੇ ਉਸ ਤੋਂ ਬਚਣ ਦਾ ਜਤਨ ਕਰਨਾ ਚਾਹੀਦਾ ਹੈ ਅਤੇ ਦੁਨੀਆਦਾਰੀ ਵਿੱਚ ਜੇਕਰ ਅਸੀਂ ਨਕਲ ਕਰਨੀ ਹੈ ਤਾਂ ਅਵੱਲ ਤਾਂ ਇਹ ਦੁਨੀਆਦਾਰੀ ਦੀ ਨਕਲ ਹੈ ਹੀ ਨਹੀਂ । ਅਤੇ ਜੇਕਰ ਕਿਸੇ ਮਾਮਲੇ ਵਿੱਚ ਨਮਲ ਕਰਨੀ ਹੈ ਤਾਂ ਰੱਬ ਨੇ ਜੋ ਸਾਨੂੰ ਫ਼ਰਮਾਇਆ ਕਿ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਤੁਹਾਡੇ ਲਈ ਨਮੂਨਾ ਹਨ ਆਪ ਜੀ ਦੀ ਨਕਲ ਕਰਨੀ ਹੈ ਜਾਂ ਫਿਰ ਇਸ ਜੁੱਗ ਵਿੱਚ ਰੱਬ ਨੇ ਸਾਡੇ ਸਾਡੇ ਸਾਹਮਣੇ ਜੋ ਨਮੂਨਾ ਬਣਾਇਆ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ । ਆਪਨੇ ਜੋ ਆਪਣੇ ਆਕਾ ਤੋਂ ਸਿੱਖਿਆ ਸਾਨੂੰ ਦੱਸਿਆ ਉਸ ਅਨੁਸਾਰ ਸਾਨੂੰ ਚਲਣਾ ਚਾਹੀਦਾ ਹੈ ।

ਹਜ਼ਰਤ ਮੁਸਲਿਹ ਮੌਊਦ ਇਕ ਗੱਲ ਵਰਨਣ ਕਰਦੇ ਹਨ ਕਿ ਕਿ ਮੈਂਨੂੰ ਚੇਤੇ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੀਵਨ ਦਾ ਅਖੀਰੀ ਸਾਲ ਸੀ ਜਾਂ ਆਪ ਦੇ ਬਾਦ ਪਹਿਲੀ ਖ਼ਿਲਾਫ਼ਤ ਦਾ ਰਮਜ਼ਾਨ ਸੀ ਬਹਿਰਹਾਲ ਗਰਮੀ ਦੀ ਰੁੱਤ ਕਰਕੇ ਜਾਂ ਇਸ ਕਰਕੇ ਕਿ ਮੈਂ ਸਿਹਰੀ (ਸਰਗੀ ਸਮੇਂ) ਵਿੱਚ ਪਾਣੀ ਨਹੀਂ ਪੀ ਸਕਿਆ ਸੀ ਮੈਂਨੂੰ ਇਕ ਰੋਜ਼ੇ ਵਿੱਚ ਪਿਆਸ ਦੀ ਤੀਖਣਤਾ ਅਨੁਭਵ ਹੋਈ ਸੀ ਕਿ ਮੈਂਨੂੰ ਖ਼ੌਫ਼ ਹੋਇਆ ਕਿ ਮੈਂ ਬੇਹੋਸ਼ ਹੋ ਜਾਵਾਂਗਾ ਅਤੇ ਦਿਨ ਢਲੱਣ ਵਿੱਚ ਵੀ ਅਜੇ ਇਕ ਘੰਟਾ ਬਾਕੀ ਸੀ । ਮੈਂ ਨਿਢਾਲ ਹੋਕੇ ਇਕ ਚਾਰਪਾਈ'ਤੇ ਜਾ ਡਿਗੱਾ ਅਤੇ ਮੈਂ ਸੁਪਨੇ ਵਿੱਚ ਦੇਖਿਆ ਕਿ ਕਿਸੇ ਨੇ ਮੇਰੇ ਮੂੰਹ ਵਿੱਚ ਪਾਣੀ ਪਾਇਆਂ ਹੈ ਪਾਨ ਪਾਇਆ ਹੈ ਮੈਂ ਉਸ ਨੂੰ ਚੂਸਿਆ ਤਾਂ ਸਾਰੀ ਪਿਆਸ ਜਾਂਦੀ ਰਹੀ । ਸੋ, ਜੱਦ ਉਹ ਅਵਸਥਾ ਜਾਂਦੀ ਰਹੀ ਤਾਂ ਮੈਂ ਦੇਖਿਆ ਕਿ ਪਿਆਸ ਦਾ ਨਾਂ ਨਿਸ਼ਾਂ ਵੀ ਨਹੀਂ ਸੀ, ਤਾਂ, ਰੱਬ ਨੇ ਇਸ ਤਰੀਕੇ ਨਾਲ ਮੇਰੀ ਪਿਆਸ ਬੁਝਾ ਦਿੱਤੀ ਅਤੇ ਜੱਦ ਪਿਆਸ ਬੁੱਝੀ ਤਾਂ ਪਾਣੀ ਪੀਣ ਦੀ ਕੋਈ ਲੋੜ ਹੀ ਨਹੀਂ ਰਹਿੰਦੀ । ਜ਼ਰੂਰਤ ਤਾਂ ਉਸੇ ਸਮੇਂ ਸੀ ਜੱਦ ਪਿਆਸ ਲੱਗ ਰਹੀ ਸੀ । ਭਾਵ ਇਹ ਹੁੰਦਾ ਹੈ ਕਿ ਜ਼ਰੂਰਤ ਪੂਰੀ ਕਰ ਦਿੱਤੀ ਜਾਵੇ ਬੇਸ਼ਕ ਉਚਿਤ ਸਾਧਨ ਉਪਲਭਦ ਕਰਕੇ ਹੋਵੇ ਜਾਂ ਬੇਸ਼ਕ ਉਸ ਦਾ ਤਿਆਗ ਕਰਕੇ ਅਰਥਾਤ ਉਸ ਦੀ ਇਛੱਾ ਹੀ ਨ ਰਹੇ । ਜਾਂ ਤਾਂ ਚੀਜ਼ ਉਪਲਭਦ ਕਰ ਦਿੱਤੀ ਜਾਵੇ ਜਾਂ ਉਸ ਚੀਜ਼ ਦੀ ਇਛੱਾ ਹੀ ਨ ਰਹੇ । ਇਸ ਗੱਲ ਦਾ ਹਮੇਸ਼ਾ ਧਿਆਨ ਰਖੱਣਾ ਚਾਹੀਦਾ ਹੈ ਅਤੇ ਇਸੇ ਪ੍ਰਕਾਰ ਰੱਬ ਤੋਂ ਦੁਆ ਕਰਨੀ ਚਾਹੀਦੀ ਹੈ । ਸੋ, ਅਸਲ ਚੀਜ਼ ਇਹੋ ਹੈ ਕਿ ਰੱਬ ਦੀ ਰਜ਼ਾ ਅਤੇ ਉਸ ਦੇ ਫ਼ੈਸਲੇ ਮਹਤੱਾ ਦਿੰਦਿਆਂ ਹੋਇਆਂ ਦੁਆ ਕੀਤੀ ਜਾਵੇ । ਹੁਣ ਵੀ ਕਈ ਲੋਕ ਪਤੱਰ ਲਿੱਖਦੇ ਹਨ ਕਿ ਮੈਂਨੂੰ ਪਤੱਰ ਆਉਂਦੇ ਹਨ ਕਿ ਫਲਾਣੀ ਥਾਂ ਰਿਸ਼ਤਾ (ਸਾਕ) ਕਰਨਾ ਹੈ ਹੋ ਜਾਵੇ ਦੁਆ ਕਰੋ ਵਰਨਾ ਅਤੇ ਨਾਲ ਹੀ ਜਤਨ ਵੀ ਕਰੋ ਅਤੇ ਉਸ ਦੇ ਮਾਂਪਿਆਂ ਨੂੰ ਵੀ ਕਹੋ ਕਿ ਅਤੇ ਇਸ ਨਿਜ਼ਾਮ ਨੂੰ ਵੀ ਆਖੋ ਵਰਨਾ ਮੈਂ ਖ਼ਤਮ ਹੋ ਜਾਵਾਂਗਾ ਮੈਂ ਵੀ ਮਰ ਜਾਵਾਂਗਾ ਅਤੇ ਦੂਜਾ ਫਰੀਕ ਵੀ ਮਰ ਜਾਵੇਗਾ । ਇਹ ਫ਼ਜ਼ੂਲ ਤੇ ਵਿਅਰਥ ਗੱਲਾਂ ਹਨ ਵਿਆਹ ਦਾ ਅਸਲ ਮੰਤਵ ਤਾਂ ਮਨ ਦਾ ਸਕੂਨ ਅਤੇ ਮਨੁੱਖੀ ਜੀਵਨ ਹੈ । ਸੋ, ਰੱਬ ਤੋਂ ਉਸ ਦੀ ਮਿਹਰ ਮੰਗਣੀ ਚਾਹੀਦੀ ਹੈ ਅਤੇ ਜੇਕਰ ਰੱਬ ਦੀ ਹਜ਼ੂਰੀ ਵਿੱਚ ਬਿਹਤਰ ਹੈ ਤਾਂ ਹੋਵੇ ਨਹੀਂ ਮਨੋਂ ਉਤਰ ਜਾਵੇ ਅਤੇ ਖ਼ਤਮ ਹੋ ਜਾਵੇ । ਇਹ ਪ੍ਰੇਮ ਜੋ ਸੰਸਾਰਕ ਹੈ ਇਹ ਆਰਜ਼ੀ ਹੁੰਦਾ ਹੈ ਦੁਨੀਆ ਦਾ ਪ੍ਰੇਮ ਵੀ ਰੱਬ ਦੇ ਪ੍ਰੇਮ ਲਈ ਮੰਗਣਾ ਚਾਹੀਦਾ ਹੈ ਅਤੇ ਫਿਰ ਜੇਕਰ ਇਹ

ਹੋਵੇਗਾ ਤਾਂ ਫਿਰ ਦੁਨੀਆ ਦਾ ਪ੍ਰੇਮ ਵੀ ਨੇਕੀ ਬਣ ਜਾਵੇਗਾ ਅਤੇ ਫਿਰ ਹਮੇਸ਼ਾ ਦਿਲ ਦਾ ਸਕੂਨ ਅਤੇ ਸਾਂਤੀ ਦਾ ਸਬਬ ਰਹੇਗਾ । ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਕਿ ਦੁਨੀਆਂ ਵਿੱਚ ਕੋਈ ਚੀਜ਼ ਆਪਣੇ ਆਪ ਵਿੱਚ ਹਾਨੀਕਾਰਕ ਨਹੀਂ ਹੈ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ 'ਕੁਚਲਾ' ਹੈ, ਇਹ ਵੀ ਇਕ ਜ਼ਹਿਰ ਹੈ ਇਸ ਦੇ ਖਾਣ ਨਾਲ ਕਈ ਲੋਕ ਮਰ ਜਾਂਦੇ ਹਨ ਪਰ ਲੱਖਾਂ ਹੀ ਲੋਕ ਇਸ ਤੋਂ ਬਚਦੇ ਵੀ ਹਨ ਅਰਥਾਤ ਇਲਾਜ ਦੇ ਤੌਰ'ਤੇ ਵਰਤਿਆ ਜਾਂਦਾ ਹੈ । ਇਸੇ ਪ੍ਰਕਾਰ ਬਹੁਤ ਵੱਡੀ ਤਬਾਹੀ ਕਰਨ ਵਾਲੀ ਚੀਜ਼ ਅਫ਼ੀਮ ਹੈ ਪਰ ਇਸ ਦੀ ਤਬਾਹੀ ਦੇ ਟਾਕਰੇ ਵਿੱਚ ਇਸ ਦੇ ਲਾਭ ਬਹੁਤ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਇਆ ਕਰਦੇ ਸਨ ਕਿ ਤਬੀਬਾਂ ਦਾ ਕਥਨ ਹੈ ਕਿ ਤਿੱਬ (ਵੈਦ) ਦੀਆਂ ਅੱਧੀ ਦਵਾਈਆਂ ਅਜਿਹੀਆਂ ਹਨ ਜਿੰਨ੍ਹਾ ਵਿੱਚ ਅਫ਼ੀਮ ਵਰਤੀ ਜਾਂਦੀ ਹੈ ਅਤੇ ਇਸ ਦਾ ਐਨ੍ਹਾ ਲਾਭ ਹੁੰਦਾ ਹੈ ਕਿ ਅਨੁਮਾਨ ਲਾਉਂਣਾ ਕਠਨ ਹੈ । ਸੋ, ਦੁਨੀਆ ਵਿੱਚ ਕੋਈ ਚੀਜ਼ ਵੀ ਅਜਿਹੀ ਨਹੀਂ ਜੋ ਆਪਣੇ ਆਪ ਵਿੱਚ ਹਾਨੀਕਾਰਕ ਹੋਵੇ । ਹਾਨੀ ਪਹੁੰਚਾਉਣ ਵਾਲੀ ਚੀਜ਼ ਉਸ ਦੀ ਗ਼ਲਤ ਵਰਤੋਂ ਹੈ ਜੋ ਮਨੁੱਖ ਦੀਆਂ ਆਪਣੀਆਂ ਕੋਤਾਹੀਆਂ ਦਾ ਸਬਬ ਹੁੰਦਾ ਹੈ ।

ਸੋ, ਸਾਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਸੱਚੇ ਮੋਮਿਨ ਦਾ ਕੰਮ ਹੈ ਕਿ ਜੱਦ ਕਿਸੇ ਕੰਮ ਦਾ ਚੰਗਾ ਸਿੱਟਾ ਨਿਕਲੇ ਤਾਂ ਇਹ ਕਹੇ ਕਿ 'ਅਲਹਮਦੁਲਿਲੱਾਹਿ' (الحمدللہ) ਰੱਬ ਨੇ ਮੈਂਨੂੰ ਸਫ਼ਲ ਕਰ ਦਿਤੱਾ ਅਤੇ ਜੱਦ ਖ਼ਰਾਬ ਸਿਟੱਾ ਨਿਕਲੇ ਤਾਂ ਉਹ "ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ" (اناللہواناالیہراجعون) ਪੜ੍ਹੇ ਅਤੇ ਕਹੇ ਕਿ ਮੈਂ ਆਪਣੀਆਂ ਕੋਤਾਹੀਆਂ ਕਰਕੇ ਅਸਫਲ ਹੋਇਆ । ਰੱਬ ਵੱਲੋਂ ਉਸ ਨੂੰ ਬਰਕਤ ਮਿਲਦੀ ਹੈ ਜੋ ਆਪਣੀਆਂ ਕੋਤਾਹੀਆਂ ਨੂੰ ਆਪਣੀ ਵੱਲ ਮਨਸੂਬ ਕਰੇ ਅਤੇ ਸਫ਼ਲਤਾ ਉਪੱਰ 'ਅਲਹਮਦੁਲਿਲੱਾਹਿ' (الحمدللہ) ਕਹੇ । ਅਜਿਹਾ ਕਹਿਣ ਵਾਲਿਆਂ'ਤੇ ਰੱਬ ਫਿਰ ਰਹਿਮ ਕਰਦਾ ਹੈ ਅਤੇ ਫਿਰ ਇਹ ਕਹਿੰਦਾ ਹੈ ਕਿ ਰਹਿਮ ਕਰਦਿਆਂ ਹੋਇਆ ਕਿ ਮੇਰਾ ਬੰਦਾ ਸਫ਼ਲਤਾਵਾਂ ਨੂੰ ਮੇਰੀ ਵੱਲ ਮਨਸੂਬ ਕਰਦਾ ਹੈ ਤਾਂ ਮੈਂ ਇਸ ਨੂੰ ਹੋਰ ਵਧੇਰੀ ਸਫ਼ਲਤਾ ਪ੍ਰਦਾਨ ਕਰਾਂ । ਕਈ ਮਮੂਲੀ ਜਿਹੀਆਂ ਗੱਲਾਂ ਬਹੁਤ ਵੱਡੇ ਸਿੱਟੇ ਕੱਢਦੀਆਂ ਹਨ । ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਹਜ਼ਰਤ ਮਸੁਲਿਹ ਮੌਊਦ ਨੇ ਆਪਣੇ ਇਕ ਖ਼ੁਤਬੇ ਵਿੱਚ ਫ਼ਰਮਾਇਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਮੈਂ ਸੁਣਿਆ ਹੈ ਕਿ ਆਪ ਕਿਸੇ ਇਸਤਰੀ ਦੀ ਗੱਲ ਸੁਣਾਉਂਦੇ ਸਨ ਕਿ ਉਸ ਦਾ ਇਕ ਲੜਕਾ ਸੀ ਉਹ ਲੜਾਈ ਵਿੱਚ ਜਾਣ ਲੱਗਾ ਤਾਂ ਉਸ ਨੇ ਆਪਣੀ ਮਾਂ ਨੂੰ ਕਿਹਾ ਆਪ ਮੈਂਨੂੰ ਕੋਈ ਅਜਿਹੀ ਚੀਜ਼ ਦੱਸੋ ਜੋ ਮੈਂ ਜੇਕਰ ਵਾਵਸ ਆਵਾਂ ਤਾਂ ਤੋਹਫ਼ੇ ਵੱਜੋਂ ਆਪ ਲਈ ਲੈਂਦਾ ਆਵਾਂ । ਮਾਂ ਨੇ ਕਿਹਾ ਚੰਗਾ ਜੇਕਰ ਤੂੰ ਮੇਰੇ ਲਈ ਕੁਝ ਲਿਆਉਣਾ ਹੀ ਚਾਹੁੰਦਾ ਹੈਂ ਤਾਂ ਰੋਟੀ ਦੇ ਸੜੇ ਹੋਏ ਟੁਕੜੇ ਜਿੰਨ੍ਹੇ ਲਿਆ ਸਕੇਂ ਵੱਧ ਤੋਂ ਵੱਧ ਲੈ ਆਉਣਾ, ਉਹਨਾਂ ਤੋਂ ਹੀ ਮੈਂ ਖ਼ੁਸ਼ ਹੋ ਸਕਦੀ ਹਾਂ । ਕੁਝ ਚਿਰ ਪਿੱਛੋਂ ਜੱਦ ਘਰ ਪਰਤਿਆ ਤਾਂ ਉਸ ਨੇ ਸੜੇ ਹੋਏ ਰੋਟੀ ਦੇ ਟੁਕੜਿਆਂ ਦੇ ਬਹੁਤ ਸਾਰੇ ਥੈਲੇ ਆਪਣੀ ਮਾਂ ਅੱਗੇ ਰੱਖ ਦਿੱਤੇ, ਉਹ ਇਹ ਦੇਖ ਕੇ ਬਹੁਤ ਖ਼ੁਸ਼ ਹੋਈ ਅਤੇ ਕਿਹਾ ਕਿ ਮੈਂ ਰੋਟੀ ਦੇ ਸੜੇ ਹੋਏ ਟੁਕੜੇ ਲਿਆਉਣ ਲਈ ਇਸ ਲਈ ਕਿਹਾ ਸੀ ਕਿ ਤੁਸੀਂ ਇਹਨਾਂ ਟੁਕੜਿਆਂ ਲਈ ਅਜਿਹੀ ਰੋਟੀ ਪਕਾਓਗੇ ਕਿ ਉਹ ਥੋੜੀ ਬਹੁਤੀ ਸੜ ਵੀ ਜਾਵੇ ਅਤੇ ਸੜੀ ਹੋਈ ਰੋਟੀ ਨੂੰ ਰੱਖ ਦਿਓਗੇ ਅਤੇ ਬਾਕੀ ਰੋਟੀ ਖਾ ਲਓਗੇ, ਇਸ ਤੋਂ ਤੁਹਾਡੀ ਸਿਹਤ ਵੀ ਠੀਕ ਰਹੇਗੀ । ਸੋ, ਅਜਿਹਾ ਹੀ ਹੋਇਆ । ਭਾਵੇਂ ਇਹ ਵੇਖਣ ਨੂੰ ਨਿੱਕੀ ਜਿਹੀ ਗੱਲ ਹੈ, ਹਜ਼ਰਤ ਮੁਸਲ੍ਹਿਹ ਮੌਊਦ ਫ਼ਰਮਾਓਨ੍ਹਦੇ ਹਨ ਕਿ ਦੁਆ ਦੀ ਪਰਵਾਨਗੀ ਬਾਰੇ ਵੀ ਕਈ ਲੋਕ ਸਮਝਦੇ ਹਨ ਕਿ ਇਹ ਛੋਟੀ ਛੋਟੀ ਗਲੱਾਂ ਹਨ । ਦੁਆ ਦੀ ਪਰਵਾਨਗੀ ਲਈ ਦੋ ਮੁਢੱਲੀਆਂ ਸ਼ਰਤਾ ਹਨ ਉਹਨਾਂ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ "ਫ਼ਲ ਯਸਤਾਜੀਬੂਲੀ ਵਲ ਯੁਮਿਨੂਬੀ" (فَلْيَسْتَجِيْبُوْالِيْ وَلْيُؤْمِنُوْابِيْ) ਕਿ ਮੇਰੀ ਗੱਲ ਮੰਨੋ ਅਤੇ ਮੇਰੇ ਉਪੱਰ ਈਮਾਨ ਲਿਆਓ । ਇਸ ਤੋਂ ਬਿਨਾ ਹੋਰ ਵੀ ਕਈ ਗੱਲਾਂ ਹਨ ਦੁਰੂਦ ਭੇਜੋ, ਸਦਕਾ ਦਿਓ । ਮੈਂਨੂੰ ਲਿੱਖ ਵੀ ਦਿੰਦੇ ਹਨ ਬਹੁਤ ਸਾਰੇ ਲੋਕ ਕਿ ਅਸੀਂ ਬਹੁਤ ਦੁਆਵਾਂ ਕੀਤੀਆਂ ਰੱਬ ਨੇ ਸਾਡੀ ਦੁਆਵਾਂ ਕੁਬੂਲ ਨਹੀਂ ਕੀਤੀਆਂ । ਇਹ ਰੱਬ'ਤੇ ਆਰੋਪ ਹੈ । ਅਸਲ ਵਿੱਚ ਈਮਾਨ ਦੀ ਕਮਜ਼ੋਰੀ ਵੀ ਹੈ । ਕੁਝ ਸਮਾਂ ਹੋਇਆਂ ਇਕ ਵਿਅਕਤੀ ਮੇਰੇ ਕੋਲ ਆਇਆ ਕਿ ਮੈਂ ਬਹੁਤ ਦੁਆਵਾਂ ਕੀਤੀਆਂ ਹਨ ਮੇਰੀ ਕੁਬੂਲ ਨਹੀਂ ਹੋਈਆਂ ਕੀ ਕਾਰਣ

ਹੈ। ਮੈਂ ਉਸ ਨੂੰ ਇਹੋ ਕਿਹਾ ਕਿ ਰੱਬ ਤਾਂ ਇਹੋ ਕਹਿੰਦਾ ਹੈ ਕਿ ਫ਼ਲ "ਯਸਤਾਜੀਬੂਲੀ" (فَلْيَسْتَجِيْبُوْالِيْ) ਕਿ ਮੇਰੇ ਹੁਕਮਾਂ ਉਪੱਰ ਚੱਲੋ ਤਾਂ ਕੀ ਤੁਸੀਂ ਰੱਬ ਦੇ ਸਾਰਿਆਂ ਹੁਕਮਾਂ ਉਪੱਰ ਚਲਦੇ ਹੋ । ਤਾਂ ਕਹਿਣ ਲੱਗਾ, ਨਹੀਂ, ਤਾਂ ਫਿਰ ਪਹਿਲਾਂ ਆਪਣੀਆਂ ਹਾਲਤਾਂ ਨੂੰ ਸਾਨੂੰ ਦੇਖਣਾ ਹੈ ਕਿ ਅਸੀਂ ਕਿੱਥੋਂ ਤੱਕ ਅਮਲ ਕਰ ਰਹੇ ਹਾਂ । ਅਲੱਾਹ ਤਆਲਾ ਸਾਨੂੰ ਆਪਣੇ ਹੁਕਮਾਂ ਉਪੱਰ ਚਲੱਣ ਦੀ ਤੋਫ਼ੀਕ ਪ੍ਰਦਾਨ ਕਰੇ ਅਤੇ ਸਾਡੇ ਈਮਾਨਾਂ ਨੂੰ ਮਜ਼ਬੂਤ ਕਰੇ ਅਤੇ ਸਾਡੀਆਂ ਦੁਆਵਾਂ ਨੂੰ ਵੀ ਪਰਵਾਰਨਗੀ ਦਾ ਦਰਜਾ ਪ੍ਰਦਾਨ ਕਰੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਨਮਾਜ਼ ਦੇ ਬਾਦ ਮੈਂ ਇਕ ਜਨਾਜ਼ਾ ਗ਼ਾਇਬ ਵੀ ਪੜ੍ਹਾਵਾਂਗਾ ਜੋ ਸਯੱਦ ਅਸਦੁਲ ਇਸਲਾਮ ਸ਼ਾਹ ਸਾਹਬ ਗਲਾਸਕੋ ਦਾ ਹੈ, ਸਯੱਦ ਨਈਮ ਸ਼ਾਹ ਸਾਹਬ ਦੇ ਪੁਤੱਰ ਹਨ । ਇਹਨਾਂ ਦੇ ਪਿਤਾ ਵੀ ਅਤੇ ਲੜਕੇ ਦੇ ਦਾਦਾ ਵੀ ਪੁਰਾਣਾ ਪਰਿਵਾਰ ਹੈ ਸੇਵਾ ਕਰਨ ਵਾਲਾ ਵੀ ਹੈ । **24** ਮਾਰਚ **2016** ਈ. ਨੂੰ **40** ਸਾਲ ਦੀ ਉਮਰ ਵਿੱਚ ਇਕ ਆਤੰਕੀ ਦੇ ਹਮਲੇ ਦੇ ਸਿੱਟੇ ਵਿੱਚ ਵਫ਼ਾਤ ਪਾਈ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ (اناللهواناالیہراجعون) ਮਰਹੂਮ, ਡਾਕਟਰ ਨਸੀਰੁੱਦੀਨ ਸਾਹਬ ਕਮਰ ਪੈਂਸ਼ਨਰ ਸਦਰ ਅੰਜੁਮਨ ਅਹਮਦੀਆ ਕਾਦੀਆਂ ਦੇ ਦਾਮਾਦ ਸਨ । ਰੀਜਨਲ ਅਮੀਰ ਸਾਹਬ ਨੇ ਕਿਹਾ ਕਿ ਅਖ਼ੀਰ ਵਿੱਚ ਜੱਦ ਮੈਂ ਉਹਨਾਂ ਨਾਲ ਮੁਲਾਕਾਤ ਕੀਤੀ ਤਾਂ ਉਹਨਾਂ ਨੇ ਹਮੇਸ਼ਾ ਖ਼ਿਲਾਫ਼ਤ ਨਾਲ ਸੰਬੰਧ ਦਾ ਪ੍ਰਗਟਾਵਾ ਕੀਤਾ । ਕਈ ਲੋਕਾਂ ਨੂੰ ਇਹ ਗ਼ਲਤ ਫ਼ਹਿਮੀ ਹੈ ਕਿ ਸ਼ਾਇਦ ਉਹ ਜਮਾਤ ਛੱਡ ਗਏ ਸਨ ਪਰ ਨਹੀਂ, ਅਹਮਦੀ ਹੀ ਸਨ ਅਤੇ ਅਹਮਦੀਅਤ ਦੇ ਸਬਬ ਹੀ ਸ਼ਹੀਦ ਹੋਏ । ਅਲੱਾਹ ਤਆਲਾ ਉਹਨਾਂ ਨਾਲ ਖਿਮਾ ਬਖ਼ਸ਼ਿਸ਼ ਤੇ ਰਹਿਮ ਵਾਲਾ ਸਲੂਕ ਫ਼ਰਮਾਏ ਅਤੇ ਉਹਨਾਂ ਦੇ ਪਿੱਛੇ ਰਹਿ ਜਾਣ ਵਾਲੇ ਮਾਂਪਿਆਂ ਤੇ ਪਤਨੀ ਨੂੰ ਸਬਰ ਤੇ ਸਾਂਤੀ ਪ੍ਰਦਾਨ ਕਰੇ ।

**Khulasa Khutba 01.04.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131